This Booklet contains 20 printed pages.
इस पुस्तिका में 20 मुद्रित पृष्ठ हैं।

**AK14I**

Test Booklet No.
परीक्षा पुस्तिका संख्या

# PAPER—I / प्रश्न-पत्र—I

## PUNJABI LANGUAGE SUPPLEMENT / पंजाबी भाषा परिशिष्ट

### PART—IV & V / भाग—IV & V

Test Booklet Code
परीक्षा पुस्तिका संकेत

**K**

Do not open this Test Booklet until you are asked to do so.
इस परीक्षा पुस्तिका को तब तक न खोलें जब तक कहा न जाए।

Read carefully the Instructions on the Back Cover (Pages 19 & 20) of this Test Booklet.
इस परीक्षा पुस्तिका के पिछले आवरण (पृष्ठ 19 व 20) पर दिए गए निर्देशों को ध्यान से पढ़ें।

**For Instructions in Punjabi see Page 2 of this Booklet.**
**पंजाबी में निर्देशों के लिए इस पुस्तिका का पृष्ठ 2 देखें।**

### *Instructions for Candidates :*

1. This booklet is a supplement to the Main Test Booklet for those candidates who wish to answer **EITHER** Part—IV (Language—I) **OR** Part—V (Language—II) in **PUNJABI** language, but **NOT BOTH**.
2. Candidates are required to answer Parts—I, II, III from the Main Test Booklet and Parts—IV and V from the languages chosen by them.
3. Questions on English and Hindi languages for Part—IV and Part—V have been given in the Main Test Booklet. Language Supplements can be asked for separately.
4. Use **Blue/Black Ballpoint Pen only** for writing particulars on this page/marking responses in the Answer Sheet.
5. The CODE for this Language Booklet is **K**. Make sure that the CODE printed on **Side-2** of the Answer Sheet and on your Main Test Booklet is the same as that on this Language Supplement Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **Two** Parts—IV and V, consisting of **60** Objective-type Questions and each carrying 1 mark :

   Part-IV : Language-I (Punjabi) (Q. Nos. 91-120)
   Part-V : Language-II (Punjabi) (Q. Nos. 121-150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi Language have been given. **In case the language(s) you have opted for as Language-I and/or Language-II is a language other than Punjabi, please ask for a Test Booklet that contains questions on that Language. The languages being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

### परीक्षार्थियों के लिए निर्देश :

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो या तो भाग—IV (भाषा—I) या भाग—V (भाषा—II) पंजाबी भाषा में देना चाहते हैं, लेकिन दोनों नहीं।
2. परीक्षार्थी भाग—I, II, III के उत्तर मुख्य परीक्षा पुस्तिका से दें और भाग—IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग—IV व भाग—V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं उत्तर-पत्र पर निशान लगाने के लिए केवल **नीले/काले बॉलपॉइंट पेन** का प्रयोग करें।
5. इस भाषा पुस्तिका का संकेत **K** है। यह सुनिश्चित कर लें कि इस भाषा परिशिष्ट पुस्तिका का संकेत, उत्तर-पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में दो भाग—IV और V हैं, जिनमें **60** वस्तुनिष्ठ प्रश्न हैं तथा प्रत्येक 1 अंक का है :

   भाग—IV : भाषा—I (पंजाबी) (प्रश्न सं० 91-120)
   भाग—V : भाषा—II (पंजाबी) (प्रश्न सं० 121-150)
7. भाग—IV में भाषा—I के लिए 30 प्रश्न और भाग—V में भाषा—II के लिए 30 प्रश्न दिए गए हैं। इस परीक्षा पुस्तिका में केवल पंजाबी भाषा से सम्बन्धित प्रश्न दिए गए हैं। **यदि भाषा—I और/या भाषा—II में आपके द्वारा चुनी गई भाषा(एँ) पंजाबी के अलावा है/हैं, तो कृपया उस भाषा वाली परीक्षा पुस्तिका माँग लें। जिन भाषाओं के प्रश्नों के उत्तर आप दे रहे हैं वह आवेदन-पत्र में चुनी गई भाषाओं से अवश्य मेल खानी चाहिए।**
8. **परीक्षार्थी भाग—V (भाषा—II) के लिए, भाषा सूची से ऐसी भाषा चुनें जो उनके द्वारा भाषा—I (भाग—IV) में चुनी गई भाषा से भिन्न हो।**
9. रफ़ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर-पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

Name of the Candidate (in Capitals) : ______________________
परीक्षार्थी का नाम (बड़े अक्षरों में)

Roll Number (in figures) : ______________________
अनुक्रमांक (अंकों में)

(in words) : ______________________
(शब्दों में)

Centre of Examination (in Capitals) : ______________________
परीक्षा-केन्द्र (बड़े अक्षरों में)

Candidate's Signature : ______________ Invigilator's Signature : ______________
परीक्षार्थी के हस्ताक्षर निरीक्षक के हस्ताक्षर

Facsimile signature stamp of Centre Superintendent ______________________

**15-I**

ਇਸ ਪੁਸਤਿਕਾ ਵਿੱਚ 20 ਪੰਨੇ ਹਨ।

# AK14I

ਪਰੀਖਿਆ ਪੁਸਤਿਕਾ ਸੰਕੇਤ

**K**

## ਪੇਪਰ—I

## ਪੰਜਾਬੀ ਭਾਸ਼ਾ ਪੂਰਕ

## ਭਾਗ—IV & V

ਇਸ ਪਰੀਖਿਆ ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ

ਇਸ ਪਰੀਖਿਆ ਪੁਸੱਤਿਕਾ ਦੇ ਪਿੱਛਲੇ ਪੰਨੇ (19 & 20) ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।

***ਪਰੀਖਿਆਰਥੀਆਂ ਲਈ ਨਿਰਦੇਸ਼ :***

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ—IV (ਭਾਗ—I)ਜਾਂ ਭਾਗ—V (ਭਾਗ—II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾ ਵਿੱਚ ਨਹੀਂ।
2. ਪਰੀਖਿਆਰਥੀ ਭਾਗ—I, II, III ਦੇ ਉੱਤਰ ਸੁੱਥ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ—IV ਅਤੇ ਭਾਗ—V ਦੇ ਉੱਤਰ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੱਗਰੇਜੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਪ੍ਰਸ਼ਨ ਸੁੱਥ ਪਰੀਖਿਆ ਵਿੱਚ ਭਾਗ—IV ਅਤੇ ਭਾਗ—V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ ਕੇਵਲ ਨੀਲੇ-ਕਾਲੇ ਬਾਲ ਪੁਆਇੰਟ ਪੈਂਨ ਦਾ ਹੀ ਇਸਤੇਮਾਲ ਕਰੋ।
5. ਇਸ ਭਾਸ਼ਾ ਪੁਸਤਿਕਾ ਦਾ ਸੰਕੇਤ ਹੈਂ **K**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ ਪੱਤਰ ਦੇ **ਪੰਨਾ-2** ਅਤੇ ਸੁੱਧ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ—IV ਅਤੇ V ਹਨ ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:

   ਭਾਗ-IV : ਭਾਸ਼ਾ-I (ਪੰਜਾਬੀ) (ਪ੍ਰ. 91-120)

   ਭਾਗ-V : ਭਾਸ਼ਾ-II (ਪੰਜਾਬੀ) (ਪ੍ਰ. 121-150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ 30 ਪ੍ਰਸ਼ਨ ਦਿੱਤੇ ਗਏ ਹਨ। ।ਇਸ ਪਰੀਖਿਆ ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। ਅਗਰ ਭਾਸ਼ਾ I ਅਤੇ/ ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ। ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦਿਆਂ ਹਨ।
8. **ਪਰੀਖਿਆਰਥੀ ਭਾਗ V (ਭਾਸਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੱਮ ਕਰੋ।
10. ਸਾਡੇ ਉੱਤਰ ਕੇਵਲ ਓ.ਐਮ.ਆਰ (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿਚ) : ______________________

ਰੋਲ ਨੰਬਰ (ਅੰਕਾ ਵਿੱਚ) : ______________________

(ਸ਼ਬਦਾਂ ਵਿੱਚ) : ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖ਼ਤ : ______________

Facsimile signature stamp of Centre Superintendent ______________________

ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ ਭਾਸ਼ਾ—I ਦਾ ਵਿਕਲਪ ਪੰਜਾਬੀ ਚੁਣਿਆਂ ਹੈ।

→

## ਪੰਜਾਬੀ

***ਨਿਰਦੇਸ਼*** : ਹੇਠਾਂ ਦਿੱਤੀ ਕਵਿਤਾ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**91–96**) ਦੇ ਢੁਕਵੇਂ ਉੱਤਰ ਦਿਓ:

ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ,
ਉੱਗੀ ਵਿਚ ਜੋ ਬੇਲੇ,
ਨਾ ਕੋਈ ਮੇਰੀ ਛਾਵੇਂ ਬੈਠੇ,
ਨਾ ਪੱਤ ਖਾਵਣ ਲੇਲੇ।
ਮੈਂ ਰਾਜੇ ਦੀ ਬਰਦੀ ਅੜਿਆ,
ਤੂੰ ਰਾਜੇ ਦਾ ਜਾਇਆ,
ਤੂਹੀਉਂ ਦਸ ਵੇ ਮੋਹਰਾਂ ਸਾਹਵੇਂ
ਮੁੱਲ ਕੀਹ ਖੋਵਣ ਧੇਲੇ?
ਸਿਖਰ ਦੁਪਹਿਰਾਂ ਜੇਠ ਦੀਆਂ ਨੂੰ
ਸਾਉਣ ਕਿਵੇਂ ਮੈਂ ਆਖਾਂ
ਚੌਹੀ ਕੂਟੀਂ ਭਾਵੇਂ ਲੱਗਣ
ਲੱਖ ਤੀਆਂ ਦੇ ਮੇਲੇ।
ਤੇਰੀ ਮੇਰੀ ਪ੍ਰੀਤ ਦਾ ਅੜਿਆ
ਉਹੀਓ ਹਾਲ ਸੂ ਹੋਇਆ,
ਜਿਉਂ ਚਕਵੀ ਪਹਿਚਾਣ ਨਾ ਸੱਕੇ
ਚੰਨ ਚੜ੍ਹਿਆ ਦਿਹੁੰ ਵੇਲੇ।

**91.** ਉਪਰੋਕਤ ਕਾਵਿ–ਟੁਕੜੀ ਵਿਚ ਕਿਸ ਤਰ੍ਹਾਂ ਦਾ ਬਿੰਬ ਉਭਰਦਾ ਹੈ?

(1) ਨਿਰਾਸ਼ਾ ਵਾਲਾ

(2) ਜ਼ਬਰਦਸਤੀ ਵਾਲਾ

(3) ਗੁੱਸੇ ਵਾਲਾ

(4) ਬਗਾਵਤ ਵਾਲਾ

**92.** ਕਾਵਿ–ਟੁਕੜੀ ਵਿਚ ਆਏ ਸ਼ਬਦ 'ਬਰਦੀ' ਤੋਂ ਕੀ ਭਾਵ ਹੈ?

(1) ਸਕੱਤਰ

(2) ਗੋਲੀ

(3) ਮਾਲਕਣ

(4) ਖ਼ਜ਼ਾਨਚੀ

**93.** ਉਪਰੋਕਤ ਕਾਵਿ–ਟੁਕੜੀ ਵਿਚੋਂ ਕਿਸ ਤਰ੍ਹਾਂ ਦਾ ਅਨੁਭਵ ਨਜ਼ਰ ਆਉਂਦਾ ਹੈ?

(1) ਰੁਦਨ ਵਾਲਾ

(2) ਜਸ਼ਨ ਵਾਲਾ

(3) ਸ਼ਹਿਰੀ ਜਟਿਲਤਾ ਵਾਲਾ

(4) ਖੁਸ਼ੀ ਵਾਲਾ

**94.** ਇਸ ਕਾਵਿ–ਟੁਕੜੀ ਦੇ ਕਵੀ ਦਾ ਨਾਂ ਦੱਸੋ?

(1) ਮੋਹਨ ਸਿੰਘ

(2) ਪ੍ਰੋ. ਪੂਰਨ ਸਿੰਘ

(3) ਸ਼ਿਵ ਕੁਮਾਰ ਬਟਾਲਵੀ

(4) ਹਰਭਜਨ ਸਿੰਘ

**95.** ਉਪਰੋਕਤ ਕਾਵਿ–ਟੁਕੜੀ ਕੀ ਹੈ?

(1) ਕੀਰਨਾ

(2) ਰੁਬਾਇਕੂ

(3) ਗੀਤ

(4) ਗ਼ਜ਼ਲ

**96.** ਇਨ੍ਹਾਂ ਕਾਵਿ–ਸਤਰਾਂ ਵਿਚ ਭਾਵੁਕਤਾ ਤੇ ਕਰੁਣਾ ਪੈਦਾ ਹੋਣ ਦਾ ਕਾਰਨ ਹੈ –

(1) ਵਿਰੋਧਾਭਾਸੀ ਅਲੰਕਾਰ

(2) ਮੋਹਰਾਂ ਨਾ ਮਿਲਣੀਆਂ

(3) ਸੰਤੁਸ਼ਟੀ ਦਾ ਇਜ਼ਹਾਰ

(4) ਕੰਡਿਆਲੀ ਥੋਰ੍ਹ ਦਾ ਕੋਠੇ 'ਤੇ ਉਗਣਾ

*ਨਿਰਦੇਸ਼* : ਹੇਠਾਂ ਦਿੱਤੇ ਪ੍ਰਸ਼ਨਾ ਦੇ ਢੁਕਵੇਂ ਉੱਤਰ ਦਿਓ: **(97–111)** :

**97.** ਇਕ ਅਭਿਆਸ ਜਿਸ ਵਿਚ ਇਕ ਛੋਟੇ ਪੈਰੇ ਚੋਂ ਕੁੱਝ ਸ਼ਬਦ ਛੱਡ ਦਿੱਤੇ ਜਾਂਦੇ ਹਨ, ਤੇ ਵਿਦਿਆਰਥੀ ਨੂੰ ਆਪਣੀ ਪੜ੍ਹਤ ਦੇ ਆਧਾਰ 'ਤੇ ਢੁਕਵੇਂ ਸ਼ਬਦਾਂ ਨਾਲ ਖਾਲੀ ਥਾਵਾਂ ਭਰਨੀਆਂ ਹੁੰਦੀਆਂ ਹਨ, ਇਸ ਨਾਲ ਉਸ ਦੀ ---- ਦੀ ਯੋਗਤਾ ਦਾ ਮੁਲਾਂਕਣ ਕੀਤਾ ਜਾਂਦਾ ਹੈ

(1) ਨਵੇਂ ਸ਼ਬਦਾਂ ਦੀ ਵਰਤੋਂ

(2) ਸੰਖੇਪਤਾ ਦੀ

(3) ਸ਼ਬਦ ਉਚਾਰਨ

(4) ਸਮਝਣ

**98.** ਇਨ੍ਹਾਂ ਚੋਂ ਪੜ੍ਹਨ ਦੀ ਗ੍ਰਹਿਣ ਸ਼ਕਤੀ ਵਾਲਾ ਪ੍ਰਸ਼ਨ ਕਿਹੜਾ ਹੈ?

(1) ਉਸ ਭਾਰਤੀ ਕਵੀ ਦਾ ਨਾਂ ਲੈਣਾ ਜਿਸ ਨੇ ਨੋਬਲ ਪੁਰਸਕਾਰ ਜਿੱਤਿਆ ਹੋਵੇ

(2) ਕੀ ਤੁਸੀਂ ਕਿਰਨ ਦੇਸਾਈ ਦੀ ਕੋਈ ਹੋਰ ਕਿਤਾਬ ਪੜ੍ਹੀ ਹੈ?

(3) ਆਪਣੇ ਵਾਕ ਵਿਚ 'Take up' ਦੀ ਵਰਤੋਂ

(4) 'ਹੋਟਲ' ਦਾ ਉਚਾਰਨ ਪਤਾ ਕਰਨਾ

**99.** ਇਕ ਬੱਚੇ ਨੂੰ ਅਰਥ-ਭਰਪੂਰ ਲਿਖਣ ਲਈ, ਉਸ ਨੂੰ ਸਭ ਤੋਂ ਪਹਿਲਾਂ ਰੰਗਾਂ ਦੀ ਚਿੱਤਰਕਾਰੀ, ਗੋਲੇ ਵਾਹੁਣ ਅਤੇ ਹੋਰ ਮੁਢਲੀਆਂ ਆਕ੍ਰਿਤੀਆਂ ਦੇ ਅਭਿਆਸ ਰਾਹੀਂ ---- ਦੀ ਮੁਹਾਰਤ ਹਾਸਲ ਕਰਨੀ ਹੋਵੇਗੀ।

(1) ਭਾਵੁਕ

(2) ਸਰਵਾਈਵਲ

(3) ਕਾਗਨੀਟਿਵ

(4) ਮੋਟਰ

**100.** ਇਕ ਦੋਸਤਾਨਾ 'ਚਿੱਠੀ' ਲਿਖਦਿਆਂ ਸਿਖਾਂਦੜਾਂ ਨੂੰ ਇਸ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ----- ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ:

(1) ਹੋਰਨਾ ਲਈ ਸਪਸ਼ਟ ਹੋਣਾ, ਸੰਖੇਪ ਨਾਵਾਂ ਦੀ ਵਰਤੋਂ ਤੇ ਸਪਸ਼ਟ ਰੂਪ ਦੀ ਵਰਤੋਂ

(2) ਨਿੱਜੀ ਤੇ ਕਿਸੇ ਰੂਪ ਦੀ ਵਰਤੋਂ ਨਾ ਕਰਨਾ

(3) ਕੁੱਝ ਰੂਪ, ਨਿੱਜੀ ਛੋਹ ਤੇ ਸੰਖੇਪ ਨਾਵਾਂ ਦੀ ਵਰਤੋਂ

(4) ਅਨਿੱਜੀ ਤੇ ਸਹੀ ਰੂਪ ਦੀ ਵਰਤੋਂ

**101.** ਭਾਸ਼ਾ ਦੇ ਵਿਲੱਖਣ ਉਚਾਰਨ ਨੇਮਾਂ ਕਾਰਨ ਬੋਲਦਿਆਂ ਵਿਦਿਆਰਥੀ ਭਾਸ਼ਾ ਸਿੱਖਣ ਸਮੇਂ ਅਕਸਰ ਹੌਂਸਲਾ ਗੁਆ ਬੈਠਦਾ ਹੈ। ਇਸ ਸਮੱਸਿਆ ਉਪਰ ਕਾਬੂ ਪਾਉਣ ਦਾ ਤਰੀਕਾ ਹੈ............ ।

(1) ਖੇਡਾਂ ਵਰਗੇ ਅਭਿਆਸ ਦੀ ਵਰਤੋਂ ਜਿਸ ਲਈ ਜਮਾਤ ਵਿਚ ਬੋਲ ਕੇ ਵਿਚਾਰ ਵਟਾਂਦਰਾ ਕਰਨ ਦੀ ਲੋੜ ਪੈਂਦੀ ਹੈ

(2) ਕਿਸੇ ਕੌਂਸਲਰ ਨਾਲ ਵਿਸ਼ੇਸ਼ ਭਾਸ਼ਣ ਦਾ ਅਭਿਆਸ

(3) ਗ਼ਲਤੀਆਂ ਹੋਣ 'ਤੇ ਸੋਧ ਕਰਨੀ

(4) ਜਮਾਤ ਵਿਚ ਬੱਚਿਆਂ ਦਾ ਉਚੀ ਪਾਠ ਕਰਨਾ

102. ਮੈਂ ਅੱਜ ਜਮਾਤ ਵਿਚ ਇਹ ਗੀਤ ਪੜਾਉਣ ਦਾ ਫ਼ੈਸਲਾ ਕੀਤਾ ਹੈ, ਸਿਖਿਆਰਥੀ ਗੀਤ ਦੇ ਬੋਲ ਪੜ੍ਹੇਗਾ 'ਤੇ ਅੰਦਾਜ਼ ਲਗਾਏਗਾ ਕਿ ਕਿਹੜੇ ਸ਼ਬਦਾਂ ਨਾਲ ਖ਼ਾਲੀ ਸਥਾਨ ਭਰੇ ਜਾ ਸਕਦੇ ਹਨ। ਮਗਰੋਂ ਵੇਖੇਗਾ ਕਿ ਕੀ ਉਹ ਸਹੀ ਹਨ। ਇਹ ਇਕ ਸੂਚਨਾ ---- ਅਭਿਆਸ ਹੈ।

(1) ਸੋਧ

(2) ਖਾਲੀ ਥਾਂ ਭਰਨ ਦਾ

(3) ਤਬਾਦਲਾ

(4) ਅਦਲਾ-ਬਦਲੀ ਦਾ

103. ਉਹ ਖ਼ਾਸ ਸਮਾਂ ਜਦੋਂ ਇਕ ਬੱਚਾ ਦੂਜਿਆਂ ਨਾਲੋਂ ਵਧੇਰੇ ਅਸਾਨੀ ਨਾਲ ਇਕ ਭਾਸ਼ਾ ਹਾਸਲ ਕਰਨ ਦੇ ਯੋਗ ਹੋ ਜਾਂਦਾ ਹੈ, ਹੁੰਦਾ ਹੈ:

(1) 8 ਸਾਲ ਤੋਂ ਪਹਿਲਾਂ

(2) 8 ਸਾਲ ਤੋਂ ਮਗਰੋਂ

(3) 10 ਸਾਲ ਤੋਂ ਪਹਿਲਾਂ

(4) 13 ਸਾਲ ਤੋਂ ਪਹਿਲਾਂ

104. ਉਸ ਮੀਡੀਆ ਦੀ ਪਛਾਣ ਕਰੋ: ਜੋ ਵਿਦਿਆਰਥੀਆਂ ਲਈ ਹੋਰ ਸੂਚਨਾ ਹਾਸਲ ਕਰਨ ਦੀ ਆਗਿਆ ਦੇਣ ਨਾਲ ਕੀਮਤਾਂ ਨਹੀਂ ਵਧਾਉਂਦਾ

(1) ਇਲੈਕਟਰੋਨਿਕ

(2) ਨਾਲੋ-ਨਾਲ ਪ੍ਰਦਰਸ਼ਨ

(3) ਓਵਰ-ਹੈੱਡ ਪ੍ਰੋਜੈਕਟਰ ਪਾਰਦਰਸਤਾ/ ਸਲਾਈਡਾਂ

(4) ਪੇਪਰ

105. ਜਦੋਂ ਵਿਦਿਆਰਥੀ ਇਕ ਬਹੁ-ਭਾਸ਼ਾਈ ਜਮਾਤ ਵਿਚ ਇਕੋ ਭਾਸ਼ਾ ਸਿਖਦੇ ਹਨ ਤਾਂ

(1) ਇਕੋ ਜਿਹੀਆਂ ਭਾਸ਼ਾਵਾਂ ਨੂੰ ਵਿਦਿਆਰਥੀ ਕ੍ਰਮਵਾਰ ਬੋਲਣ ਨਾਲ ਵਧੇਰੇ ਹਾਸਲ ਹੋਵੇਗਾ

(2) ਲਕਸ਼ਿਤ ਭਾਸ਼ਾ ਵਿਚ ਅਸਰਦਾਰ ਸੰਚਾਰ ਪੈਦਾ ਕਰਨ ਦੇ ਮਕਸਦ ਨਾਲ ਕਿਸੇ ਹੋਰ ਭਾਸ਼ਾ ਨੂੰ ਬੋਲਣ ਨੂੰ ਸਰਗਰਮੀ ਨਾਲ ਨਿਰਉਤਸ਼ਾਹਿਤ ਕੀਤਾ ਜਾਵੇਗਾ

(3) ਸੰਚਾਰ ਦੀ ਘਾਟ ਕਾਰਨ ਜਮਾਤ ਦਾ ਧਿਆਨ ਉਖੜਦਾ ਹੈ

(4) ਉਚਾਰਨ ਤੇ ਵਿਆਕਰਨਕ ਬਣਤਰਾਂ/ਆਦਿ ਦੇ ਵਖਰੇਵਿਆਂ 'ਤੇ ਚਰਚਾ ਕਰਨ ਦਾ ਮੌਕਾ ਮਿਲਦਾ ਹੈ, ਜਿਸ ਨਾਲ ਲਕਸ਼ਿਤ ਭਾਸ਼ਾ ਨੂੰ ਸਮਝਣ ਅਤੇ ਇਸ ਦੀ ਵਰਤੋਂ ਕਰਨ 'ਚ ਸੁਧਾਰ ਹੁੰਦਾ ਹੈ।

106. ਭਾਸ਼ਾਈ ਤਬਾਦਲਾ ਉਸ ਡਿਗਰੀ 'ਤੇ ਬੁਰਾ ਅਸਰ ਪਾਵੇਗਾ, ਜਿਸ ਰਾਹੀਂ ਇਕ ਭਾਸ਼ਾ ਸਿਖਾਂਦਰੂ ਕਿਸੇ ਦੂਜੀ/ਵਿਦੇਸ਼ੀ ਭਾਸ਼ਾ ਉਪਰ ਮੁਹਾਰਤ ਹਾਸਲ ਕਰਦਾ ਹੈ। ਇਹ ਸਥਿਤੀ ਮਦਦਗਾਰ ਸਿੱਧ ਹੋ ਸਕਦੀ ਹੈ ਜੇਕਰ ਅਧਿਆਪਕ

(1) ਸਵੈ-ਵਿਸ਼ਵਾਸ ਤੋਂ ਅਗੋਂ ਚਰਚਾ ਕਰਾਉਣ ਵਾਸਤੇ ਹੋਰ ਸਮੂਹਕ ਕਾਰਜ ਕਰਾਵੇ

(2) ਕਿਸੇ ਹੋਰ ਭਾਸ਼ਾ ਨੂੰ ਸਿੱਖਣ 'ਚ ਵਿਦਿਆਰਥੀ ਦੀ ਮੁਸ਼ਕਿਲ ਦਾ ਅੰਦਾਜ਼ਾ ਲਾਉਣ ਵਾਸਤੇ ਨਿਸ਼ਚਤ ਪ੍ਰੀਖਿਆ ਕਰਾਵੇਂ

(3) ਵੱਧ ਤੋਂ ਵੱਧ ਔਖੇ ਪਾਠਾਂ ਰਾਹੀਂ ਪੜ੍ਹਨ ਦੇ ਅਭਿਆਸ ਨੂੰ ਹੋਰ ਤੇਜ਼ ਕਰੇ

(4) ਪਹਿਲੇ ਪਾਠ ਵਿਚ ਸਾਂਝੀ ਭਾਸ਼ਾਈ ਮੁਹਾਰਤ ਨੂੰ ਮਜਬੂਤ ਬਣਾਕੇ ਸਿਖਲਾਈ ਦੇ ਦੂਜੇ ਪਾਠ ਲਈ ਗਿਆਨ ਦਾ ਇਕ ਮਜਬੂਤ ਆਧਾਰ ਤਿਆਰ ਕਰਨ ਖਾਤਰ ਵਿਦਿਆਰਥੀਆਂ 'ਚ ਸਿਖਲਾਈ ਅਭਿਆਸ ਕਰਾਵੇ

107. ਮਿਲੀ-ਜੁਲੀ ਯੋਗਤਾ ਵਾਲੇ ਵਿਦਿਆਰਥੀਆਂ ਦੀ ਭਾਸ਼ਾ ਦੀ ਇਕ ਜਮਾਤ ਵਿਚ, ਅਧਿਆਪਕ ਲਈ ਇਹ ਯਕੀਨੀ ਬਨਾਉਣਾ ਜ਼ਰੂਰੀ ਹੈ ਕਿ ਉਹ

(1) ਘਰ ਵਿਚ ਆਪਣਾ ਕੰਮ ਪੂਰਾ ਕਰਨ ਨੂੰ ਸੁਖਾਲਾ ਬਨਾਉਣ ਵਾਸਤੇ ਆਪਣੇ ਆਸ਼ਿਆਂ ਨਾਲ ਆਪਣੇ ਅਧਿਆਪਕਾਂ ਨੂੰ ਮਿਲਣ

(2) ਜਮਾਤ ਦੇ ਛੋਟੇ ਪ੍ਰੋਜੈਕਟ ਤਿਆਰ ਕਰਨ ਜਿਸ ਨਾਲ ਉਹ ਚਰਚਾ ਕਰਨ ਵਾਸਤੇ ਇਕੱਠੇ ਹੋਣ, ਸਮਾਜਕ ਮੁਹਾਰਤਾਂ ਵਿਕਸਿਤ ਕਰਨ ਅਤੇ ਵੱਡੇ ਸਮੂਹਕ ਅਭਿਆਸ ਵਿਚ ਸਾਮਲ ਹੋਣ

(3) ਹੋਰਨਾ ਨਾਲ ਮਿਲਣ ਲਈ ਵਧੇਰੇ ਅੰਕ ਹਾਸਲ ਕਰਨ ਨੂੰ ਉਤਸ਼ਾਹਤ ਕਰਨ ਵਾਸਤੇ ਸਕੂਲ ਦੀ ਛੁੱਟੀ ਹੋਣ ਮਗਰੋਂ ਵਿਸ਼ੇਸ਼ ਜ਼ਮਾਤਾਂ ਵਿਚ ਸ਼ਾਮਲ ਹੋਣ

(4) ਆਪਣੀ ਸਮੱਸਿਆ ਨੂੰ ਸਮਝਣ ਲਈ ਮਨੋਵਿਗਿਆਨੀ ਤੇ ਜਮਾਤ ਦੇ ਅਧਿਆਪਕ ਨਾਲ ਨੇਮਬੰਧ ਮੀਟਿੰਗਾ ਕਰਨ

108. ਕਈ ਵਾਰੀ ਪਾਠ-ਪੁਸਤਕ ਅਧਾਰਿਤ ਪ੍ਰਸ਼ਨ ਹੇਠਲੀ ਪੱਧਰ ਦੇ ਜਾਂ ਫਿਰ ਤੱਥਾਂ-ਆਧਾਰਿਤ ਹੁੰਦੇ ਹਨ। ਇਥੇ ਅਧਿਆਪਕ

(1) ਪਾਠ-ਪੁਸਤਕ ਤੋਂ ਇਲਾਵਾ ਹੋਰ ਵਰਤੋਂ ਕਰ ਸਕਦਾ ਹੈ

(2) ਹੋਰ ਸਾਹਿਤ ਪੜ੍ਹਨ ਦੀ ਸਿਫ਼ਾਰਸ ਕਰ ਸਕਦਾ ਹੈ

(3) ਸਿਰਜਨਾਤਮਕ ਸੋਚ ਅਤੇ ਮੁਸ਼ਕਿਲ ਦੇ ਹੱਲ ਦੇ ਅਭਿਆਸ ਦਾ ਮੌਕਾ ਦੇ ਸਕਦਾ ਹੈ

(4) ਉਸ ਗਿਆਨ ਦੇ ਅਧਾਰ 'ਤੇ ਪਾਠ ਤਿਆਰ ਕਰ ਸਕਦਾ ਹੈ

109. ਕਿਸੇ ਵਿਦੇਸ਼ੀ ਭਾਸ਼ਾ ਦਾ ਸਿਖਾਂਦਰੂ ਇਕ ਲਿਖਤੀ ਪਾਠ ਨੂੰ ਬੋਲਣ 'ਚ ਔਖ ਮਹਿਸੂਸ ਕਰੇਗਾ। ਇਸ ਉਪਰ ਕਾਬੂ ਪਾਇਆ ਜਾ ਸਕਦਾ ਹੈ:

(1) ਉਚਾਰਨ ਨਾਲ ਬੋਲ ਮਿਲਾ ਕੇ ਪੜ੍ਹਨ ਨਾਲ

(2) ਸ਼ਬਦਾਂ ਨੂੰ ਪੜ੍ਹਨ ਸਮੇਂ ਠੀਕ ਉਚਾਰਨ ਸੁਣਕੇ ਅਤੇ ਉਸੇ ਤਰ੍ਹਾਂ ਉਨ੍ਹਾਂ ਨੂੰ ਦੁਹਰਾਅ ਕੇ

(3) ਅਧਿਆਪਕ ਦੇ ਉਚਾਰਨ ਦੀ ਨਕਲ ਕਰਕੇ

(4) ਆਪਣੇ ਆਪ 'ਮੁਸ਼ਕਲ' ਸ਼ਬਦ ਨੂੰ ਪੜ੍ਹਨ ਦੇ ਅਭਿਆਸ ਨਾਲ

**110.** ਵਿਸ਼ੇਸ਼ ਤੌਰ 'ਤੇ ਭਾਸ਼ਾ ਦੀ ਇਕ ਜਮਾਤ ਵਿਚ ਕਿਵੇਂ ਅਪਾਹਜ ਵਿਦਿਆਰਥੀਆਂ ਵਿਚ ਅਪਣੱਤ, ਸਫ਼ਲਤਾ ਅਤੇ ਸਵੈ-ਗੌਰਵ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ?

(1) ਉਨ੍ਹਾਂ ਦੀਆਂ ਅਨੋਖੀਆਂ ਲੋੜਾਂ ਨਾਲ ਨਜਿੱਠਣ ਵਾਸਤੇ ਸਿਰਫ਼ ਸਿਖਿਅਤ ਸਟਾਫ਼ ਭਰਤੀ ਕਰਕੇ

(2) ਉਨ੍ਹਾਂ ਨੂੰ ਇਕਠੇ ਰੱਖ ਕੇ ਤਾਂ ਜੋ ਉਹ ਸਕੂਲ ਦੇ ਹੋਰਨਾਂ ਸਾਥੀਆਂ ਵਿਚ ਸ਼ਾਮਲ ਨਾ ਹੋ ਜਾਣ

(3) ਕੋਰਸ ਦੀਆਂ ਵੱਖ-ਵੱਖ ਕਿਸਮ ਦੀਆਂ ਕਿਤਾਬਾਂ ਦੇ ਕੇ

(4) ਮਿਲਵਰਤਣ ਦੀ ਸਿਖਿਆ, ਸਹਿਯੋਗ ਤੇ ਚਰਚਾ ਦੇ ਮੌਕੇ ਪ੍ਰਦਾਨ ਕਰਕੇ

**111.** ਪਰੰਪਰਕ ਭਾਸ਼ਾ ਦੀ ਜਮਾਤ ਇਕ ਅਧਿਆਪਕ ਕੇਂਦ੍ਰਿਤ ਹੁੰਦਾ ਹੈ। ਆਧੁਨਿਕ ਜਮਾਤ ਇਕ ਵਿਦਿਆਰਥੀ ਕੇਂਦ੍ਰਿਤ ਹੈ। ਪਹਿਲੀ ਜਮਾਤ ਦੀ ਇਕ ਵਿਸ਼ੇਸ਼ਤਾ ਹੈ।

(1) ਅਧਿਆਪਕ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਗਏ ਭਾਸ਼ਾ ਸਿਖਲਾਈ ਦੇ ਅਭਿਆਸ ਵਿਚ ਸ਼ਾਮਲ ਜਾਂ ਇਸ ਨੂੰ ਕਰਾਉਣ ਵਾਲੇ ਵਿਦਿਆਰਥੀਆਂ ਦੀ ਮਦਦ ਅਤੇ ਇਸ ਦਾ ਪ੍ਰਬੰਧ ਕਰਦਾ ਹੈ।

(2) ਅਧਿਆਪਕ ਭਾਸ਼ਾ ਬੋਲਣ ਅਤੇ ਲਿਖਣ ਵਿਚ ਇਕ ਆਦਰਸ਼ ਕਾਇਮ ਕਰਦਾ ਹੈ ਤੇ ਸਿਖਾਂਦਰੂ ਉਸ ਦੀ ਨਕਲ ਕਰਦੇ ਹਨ।

(3) ਅਧਿਆਪਕ ਸਿਖਿਆ ਦਾ ਇੰਚਾਰਜ ਹੁੰਦਾ ਹੈ ਤੇ ਉਹ ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀ ਆਪਣੀ ਕਾਰਗੁਜ਼ਾਰੀ ਬਾਰੇ ਲਗਾਤਾਰ ਰਾਏ ਲੈ ਰਹੇ ਹਨ।

(4) ਵਿਦਿਆਰਥੀ ਅਜ਼ਾਦੀਨਾ ਢੰਗ ਨਾਲ ਜਮਾਤ ਤੋਂ ਬਾਹਰ ਸਿਖਦਾ ਹੈ ਤੇ ਨਿਸ਼ਚਿਤ ਲਿਖਤੀ ਟੈਸਟ ਦਿੰਦਾ ਹੈ।

***ਨਿਰਦੇਸ਼*** : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ **(112–120)** ਦੇ ਢੁਕਵੇਂ ਉੱਤਰ ਦਿਓ :

ਪੇਂਡੂ ਵਿਅਕਤੀ ਰਾਸ਼ਟਰੀ ਨਿਸ਼ਾਨਿਆਂ ਬਾਰੇ ਸੋਚਦਾ ਹੋਵੇ। ਜਦੋਂ ਉਹ ਸ਼ਹਿਰ ਵਿਚ ਆਉਂਦਾ ਹੈ ਤਾਂ ਉਸ ਨੂੰ ਆਪਣਾ ਸਮੁੱਚਾ ਦ੍ਰਿਸ਼ਟੀਕੋਣ ਆਪਣੇ ਦੇਸ਼ ਨਾਲ ਜੋੜਨਾ ਪੈਂਦਾ ਹੈ। ਸਥਾਨਕਵਾਦ ਤੋਂ ਰਾਸ਼ਟਰਵਾਦ ਤਕ ਦਾ ਇਹ ਪਰਿਵਰਤਨ, ਸ਼ਹਿਰੀਕਰਣ ਦਾ ਇਕ ਪ੍ਰਮੁੱਖ ਲੱਛਣ ਹੈ।

ਪੇਂਡੂ ਅਤੇ ਸ਼ਹਿਰੀ ਜੀਵਨ ਵਿਚਲਾਂ ਫ਼ਰਕ, ਪਰਸਪਰ ਅੰਤਰ-ਕਿਰਿਆ ਦੇ ਸਰੂਪ ਨਾਲ ਸੰਬੰਧ ਰੱਖਦਾ ਹੈ। ਪੇਂਡੂ ਸੁਸਾਇਟੀ ਵਿਚ ਹਰ ਕੋਈ ਦੂਸਰੇ ਨੂੰ ਨਿੱਜੀ ਰੂਪ ਵਿਚ ਜਾਣਦਾ ਹੁੰਦਾ ਹੈ। ਲੋਕ ਇਕ ਦੂਜੇ ਦੇ ਅਤੀਤ ਨੂੰ, ਉਨ੍ਹਾਂ ਦੀਆਂ ਰੁਚੀਆਂ ਤੇ ਵਿਸ਼ਿਸ਼ਟਤਾਵਾਂ ਨੂੰ ਜਾਣਦੇ ਹੁੰਦੇ ਹਨ। ਕਿਸੇ ਲਈ ਕੁਝ ਵੀ ਛਿਪਿਆ ਨਹੀਂ ਹੁੰਦਾ। ਦੂਜੇ ਪਾਸੇ ਸ਼ਹਿਰ ਵਿਚ ਅਗਿਆਤ ਸਥਾਨ ਹੁੰਦਾ ਹੈ ਜਿਥੇ ਇਕ ਆਦਮੀ ਗੁਆਚ ਸਕਦਾ ਹੈ। ਲੋਕ ਇਕ ਅਜਿਹੀ ਸਥਿਤੀ ਵਿਚ ਫਸੇ ਹੁੰਦੇ ਹਨ ਕਿ ਉਨ੍ਹਾਂ ਨੂੰ ਅਗਿਆਤ ਲੋਕਾਂ ਨਾਲ ਸੰਪਰਕ ਬਣਾਉਣਾ ਪੈਂਦਾ ਹੈ। ਸਿੱਟੇ ਵਜੋਂ ਲੋਕ ਰਸਮੀਂ ਵਿਵਹਾਰ ਕਰਨਾ ਸਿੱਖੋ ਜਾਂਦੇ ਹਨ। ਕਿਸੇ ਨਵੇਂ ਪ੍ਰਵਾਸੀ ਲਈ ਇਹ ਸਭ ਕੁਝ ਬੜਾ ਤਕਲੀਫ਼ਦੇਹ ਹੁੰਦਾ ਹੈ। ਇਸ ਤੋਂ ਬਚਾਉ ਲਈ ਅਜਿਹਾ ਵਿਅਕਤੀ ਸ਼ਹਿਰ ਦੇ ਉਨ੍ਹਾਂ ਹਿੱਸਿਆਂ ਵਿਚ ਆਪਣਾ ਟਿਕਾਣਾ ਢੂੰਡਦਾ ਹੈ ਜਿਥੇ ਉਸ ਵਾਂਗ ਬਾਹਰੋਂ ਆ ਕੇ ਵੱਸੇ ਲੋਕਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਇਸ ਤਰ੍ਹਾਂ ਸ਼ਹਿਰ ਵਿਚ ਵੀ ਕੁਝ ਅਜਿਹੇ ਹਿੱਸੇ ਹੁੰਦੇ ਹਨ ਜਿਥੇ ਕਬੀਲੇਵਾਦੀ ਰਿਸ਼ਤੇ ਅਤੇ ਪੁਰਾਤਨ ਪਰੰਪਰਾਵਾਂ ਮੌਜੂਦ ਹੁੰਦੀਆਂ ਹਨ। ਇਹ ਹਿੱਸੇ ਨਵੇਂ ਆਗੁੰਤਕਾਂ ਨੂੰ ਸੁਖ ਅਤੇ ਸੁਰੱਖਿਆ ਪ੍ਰਦਾਨ ਕਰਦੇ ਹਨ। ਸ਼ਹਿਰ ਦੇ ਅਨਿੱਜੀ ਜੀਵਨ (unpersonality) ਨੂੰ ਆਪਣੇ ਅਨੁਕੂਲ ਢਾਲਣ ਲਈ ਸ਼ਹਿਰੀ ਲੋਕ ਕੁਝ ਛੋਟੀਆਂ ਛੋਟੀਆਂ ਸੰਸਥਾਵਾਂ ਜਾਂ ਕਲੱਬਾਂ ਵਗੈਰਾਂ ਬਣਾ ਲੈਂਦੇ ਹਨ। ਇਹ ਸੰਸਥਾਵਾਂ ਵਾਲੰਟਰੀ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਆਧਾਰ ਸ਼ਹਿਰ ਵਿਚ ਦੂਰ-ਦੁਰੇਡੀਆਂ ਥਾਵਾਂ 'ਤੇ ਵੱਸੇ ਲੋਕਾਂ ਦੀਆਂ ਸਾਂਝੀਆਂ ਦਿਲਚਸਪੀਆਂ ਹੁੰਦੀਆਂ ਹਨ। ਇਸ ਤਰ੍ਹਾਂ ਪਿੰਡ ਤੋਂ ਸ਼ਹਿਰ ਜਾ ਕੇ ਵੱਸਣ ਸਮੇਂ ਇਕ ਪ੍ਰਵਾਸੀ ਵਿਅਕਤੀ ਕੁਝ ਪਰਿਵਰਤਨ ਮਹਿਸੂਸ

ਕਰਦਾ ਹੈ ਜਿਸ ਨੂੰ ਅਸੀਂ ਲੋਕ ਸਭਿਆਚਾਰ ਤੋਂ ਸ਼ਹਿਰੀ ਸਭਿਆਚਾਰ ਵਿਚਲਾ ਪਰਿਵਰਤਨ ਕਹਿ ਸਕਦੇ ਹਾਂ।

**112.** ਪੇਂਡੂ ਵਿਅਕਤੀ ਸ਼ਹਿਰੀ ਜੀਵਨ 'ਚ ਕੀ ਮਹਿਸੂਸ ਕਰਦਾ ਹੈ?

(1) ਸੁਰੱਖਿਆ

(2) ਪ੍ਰਵਾਸ

(3) ਪਰਿਵਰਤਨ

(4) ਭੋਲਾਪਣ

**113.** ਸ਼ਹਿਰਾਂ ਦੇ ਲੋਕ ਕਿਸ ਤਰ੍ਹਾਂ ਦੇ ਵਤੀਰੇ ਦੇ ਆਦੀ ਹੁੰਦੇ ਹਨ?

(1) ਅਗਿਆਤ

(2) ਰਸਮੀ

(3) ਖੁੱਲੇਡੁੱਲ੍ਹੇ

(4) ਦਿਲਚਸਪ

**114.** ਸ਼ਹਿਰ ਵਿਚ ਵੱਖ-ਵੱਖ ਤੇ ਦੂਰ ਰਹਿੰਦੇ ਲੋਕ ਮੇਲ-ਜੋਲ ਲਈ ਕੀ ਕਰਦੇ ਹਨ?

(1) ਸੰਸਥਾਵਾਂ ਤੇ ਕਲੱਬਾਂ ਦਾ ਸਹਾਰਾ ਲੈਂਦੇ ਹਨ

(2) ਦੂਰ-ਦੁਰੇਡੀਆਂ ਥਾਵਾਂ 'ਤੇ ਘੁੰਮਣ ਚਲੇ ਜਾਂਦੇ ਹਨ

(3) ਪਿੰਡਾਂ ਦੇ ਮੇਲਿਆਂ ਵਿਚ ਜਾਂਦੇ ਹਨ

(4) ਸ਼ਹਿਰ ਤੋਂ ਬਾਹਰਲੇ ਇਲਾਕਿਆਂ ਵਿਚ ਟਿਕਾਣਾ ਢੂੰਡਦੇ ਹਨ

**115.** 'ਅਤੀਤ' ਦਾ ਵਿਰੋਧੀ ਸ਼ਬਦ ਦੱਸੋ :

(1) ਤਵੀਤ

(2) ਵਰਤਮਾਨ

(3) ਭੂਤਕਾਲ

(4) ਪ੍ਰਤੀਤ

**116.** ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਦੱਸੋ:

(1) ਕਲੱਬ

(2) ਅੰਤਰ ਕਿਰਿਆ

(3) ਪੇਂਡੂ ਸੁਸਾਇਟੀ

(4) ਸ਼ਹਿਰੀਕਰਨ

**117.** ਪਿੰਡਾਂ ਦੇ ਲੋਕ ...?

(1) ਸ਼ਹਿਰਾਂ ਕਲੱਬਾਂ 'ਚ ਅਨੰਦ ਮਾਣਦੇ ਹਨ

(2) ਇਕ ਦੂਜੇ ਨੂੰ ਪਛਾਣਦੇ ਹਨ

(3) ਛੁਪ ਕੇ ਰਹਿੰਦੇ ਹਨ

(4) ਰਸਮੀ ਵਿਹਾਰ ਕਰਦੇ ਹਨ

**118.** ਉਪਰੋਕਤ ਪੈਰੇ ਵਿਚ ਕਿਹੜਾ ਸ਼ਬਦ ਸਮਾਸੀ ਹੈ?

(1) ਤਕਲੀਫ਼ਦੇਹ

(2) ਅਨਿਜੀ ਜੀਵਨ

(3) ਦੂਰ-ਦੁਰੇਡੀਆਂ

(4) ਲੋਕ ਰਸਮੀ

**119.** ਸ਼ਹਿਰੀ ਵਿਅਕਤੀ ਰਸਮੀ ਤੌਰ ਤਰੀਕੇ ਤੋਂ ਛੁਟਕਾਰਾ ਹਾਸਲ ਕਰਨ ਲਈ ਕੀ ਕਰਦਾ ਹੈ?

(1) ਕਬੀਲੇਦਾਰੀ ਤੋਂ ਮੂੰਹ ਮੋੜ ਲੈਂਦਾ ਹੈ

(2) ਪ੍ਰਵਾਸੀ ਬਹੁਗਿਣਤੀ ਵਾਲੇ ਇਲਾਕੇ ਵਿਚ ਰਹਿਣ ਦਾ ਜਤਨ ਕਰਦਾ ਹੈ

(3) ਪਰੰਪਰਾਵਾਂ ਨੂੰ ਤਿਆਗ ਦਿੰਦਾ ਹੈ

(4) ਲੁਕ ਛਿਪ ਕੇ ਗੁਜ਼ਾਰਾ ਕਰਦਾ ਹੈ

**120.** ਸ਼ਹਿਰ ਵਿਚ ਆ ਕੇ ਪੇਂਡੂ ਵਿਅਕਤੀ ਵਿਚ ਕੀ ਤਬਦੀਲੀ ਆਉਂਦੀ ਹੈ?

(1) ਉਸ ਦੀ ਪਛਾਣ ਸਥਾਨਕ ਹੋ ਜਾਂਦੀ ਹੈ

(2) ਉਹ ਪੇਂਡੂ ਨਿਸ਼ਾਨਿਆਂ ਬਾਰੇ ਸੋਚਣ ਲਗਦਾ ਹੈ

(3) ਪਰਿਵਰਤਨ ਨੂੰ ਨਫ਼ਰਤ ਕਰਨ ਲਗਦਾ ਹੈ

(4) ਉਸ ਦੀ ਸੋਚ ਰਾਸ਼ਟਰਵਿਆਪੀ ਬਣ ਜਾਂਦੀ ਹੈ

ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ ਭਾਸ਼ਾ—**II** ਦਾ ਵਿਕਲਪ ਪੰਜਾਬੀ ਚੁਣਿਆਂ ਹੈ।

## ਭਾਗ—V : ਭਾਸ਼ਾ—II

## ਪੰਜਾਬੀ

***ਨਿਰਦੇਸ਼*** : ਹੇਠਾਂ ਦਿੱਤਾ ਪੈਰਾ ਪੜ੍ਹਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (**121–126**) ਦੇ ਢੁਕਵੇਂ ਉੱਤਰ ਦਿਓ :

ਵਾਰਸ ਸ਼ਾਹ ਤੋਂ ਪਹਿਲਾਂ ਹੀਰ ਰਾਂਝੇ ਦੀ ਕਹਾਣੀ ਨੂੰ ਦਮੋਦਰ, ਅਹਿਮਦ, ਅਵਾਣ ਤੇ ਮੁਕਬਲ ਨੇ ਕਾਵਿ-ਬੱਧ ਕੀਤਾ। ਵਾਰਸ ਨੂੰ ਦਮੋਦਰ ਤੇ ਮੁਕਬਲ ਦਾ ਸੁਖਾਂਤ ਚੰਗਾ ਨਾ ਲੱਗਾ, ਉਸ ਨੇ ਕਹਾਣੀ ਨੂੰ ਦੁਖਾਂਤ ਬਣਾਇਆ। ਵਾਰਸ ਦੇ ਕਿੱਸੇ ਵਿਚ ਹੀਰ ਅਤੇ ਰਾਂਝਾ ਕੋਟ ਕਬੂਲੇ ਤੋਂ ਝੰਗ ਆਉਂਦੇ ਹਨ। ਹੀਰ ਦੇ ਮਾਪੇ ਰਾਂਝੇ ਨੂੰ ਜੰਞ ਲਿਆਉਣ ਲਈ ਕਹਿੰਦੇ ਹਨ ਤਾਂ ਜੋ ਵਿਆਹ ਦੀਆਂ ਪੂਰੀਆਂ ਰੀਤਾਂ ਨੂੰ ਨਿਭਾਇਆ ਜਾਵੇ। ਰਾਂਝਾ ਜੰਞ ਲਿਆਉਣ ਲਈ ਤਖ਼ਤ ਹਜ਼ਾਰੇ ਪੁੱਜਦਾ ਹੈ। ਇਧਰ ਹੀਰ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਜਾਂਦਾ ਹੈ। ਰਾਂਝਾ ਹੀਰ ਦੀ ਕਬਰ ਉੱਤੇ ਪੁੱਜਦਾ ਹੈ ਤੇ ਢੇਰੀ ਹੋ ਜਾਂਦਾ ਹੈ।

**121.** ਵਾਰਸ ਸ਼ਾਹ ਤੋਂ ਪਹਿਲਾਂ ਹੀਰ-ਰਾਂਝੇ ਦੇ ਕਿੱਸੇ ਵਿਚ ਦਮੋਦਰ ਨੇ ਕਿਹੜਾ ਰੰਗ ਭਰਿਆ?

(1) ਸੁਖਾਂਤ

(2) ਇਨ੍ਹਾਂ 'ਚੋਂ ਕੋਈ ਨਹੀਂ

(3) ਦੁਖਾਂਤ

(4) ਹਾਸ ਰਸੀਂ

**122.** ਇਸ ਪੈਰੇ ਦੇ ਢੁੱਕਵੇਂ ਸਿਰਲੇਖ ਦੀ ਚੋਣ ਕਰੋ।

(1) ਉਪਰੋਕਤ ਦੋਵੇਂ

(2) ਮੁਕਬਲ ਦੀ ਹੀਰ

(3) ਦਮੋਦਰ ਦੀ ਹੀਰ

(4) ਹੀਰ ਵਾਰਸ ਸ਼ਾਹ

**123.** ਵਾਰਸ ਅਪਣੇ ਹੀਰ ਦੇ ਕਿੱਸੇ ਦਾ ਕਿਸ ਤਰ੍ਹਾਂ ਦਾ ਅੰਤ ਕਰਦਾ ਹੈ?

(1) ਦੁਖਾਂਤਕ

(2) ਇਨ੍ਹਾਂ 'ਚੋਂ ਕੋਈ ਨਹੀਂ

(3) ਸੁਖਾਂਤਕ

(4) ਹਾਸਰਸੀ

**124.** ਹੀਰ ਦੇ ਮਾਪਿਆਂ ਵਲੋਂ ਜੰਞ ਲਿਆਉਣ ਲਈ ਕਹਿਣ 'ਤੇ ਰਾਂਝਾ ਕਿਥੇ ਜਾਂਦਾ ਹੈ?

(1) ਸ਼ਹਿਰ ਵੱਲ

(2) ਸਿਆਲ

(3) ਕੋਟ ਕਬੂਲੇ

(4) ਤਖ਼ਤ ਹਜ਼ਾਰੇ

**125.** ਰਾਂਝੇ ਦਾ ਅੰਤ ਕਿਥੇ ਹੁੰਦਾ ਹੈ?

(1) ਤਖਤ ਹਜ਼ਾਰੇ

(2) ਇਨ੍ਹਾਂ 'ਚੋਂ ਕੋਈ ਨਹੀਂ

(3) ਆਪਣੀ ਪ੍ਰੇਮਿਕਾ ਦੀ ਕਬਰ 'ਤੇ

(4) ਕੋਟ ਕਬੂਲੇ ਵਿਚ

**126.** ਜਦੋਂ ਰਾਂਝਾ ਜੰਞ ਲੈਣ ਲਈ ਚਲਾ ਜਾਂਦਾਂ ਹੈ ਤਾਂ ਮਗਰੋਂ ਹੀਰ ਨਾਲ ਕੀ ਬੀਤਦੀ ਹੈ?

(1) ਉਸ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਜਾਂਦਾ ਹੈ

(2) ਹੀਰ ਦੀ ਡੋਲੀ ਲਈ ਤਿਆਰੀ ਕੀਤੀ ਜਾਂਦੀ ਹੈ

(3) ਉਸ ਦੀਆਂ ਰੀਤਾਂ ਨਿਭਾਈਆਂ ਜਾਂਦੀਆਂ ਹਨ

(4) ਉਸ ਦਾ ਸ਼ਿੰਗਾਰ ਕੀਤਾ ਜਾਂਦਾ ਹੈ

***ਨਿਰਦੇਸ਼:*** ਹੇਠ ਲਿਖੇ ਪ੍ਰਸ਼ਨਾਂ ਦੇ ਢੁਕਵੇਂ ਉੱਤਰ ਦਿਓ **(127–141) :**

**127.** ਤੁਸੀਂ ਹੇਠ ਲਿਖੀ ਪੜ੍ਹਨ ਪ੍ਰੀਖਿਆ ਦੇ ਅੰਕ ਕਿਵੇਂ ਦਿਓਗੇ?
ਪ੍ਰਸ਼ਨ: ਕੀ ਚੀਤਾ ਇਕ ਲੁਪਤ ਪ੍ਰਾਣੀ ਹੈ
ਉੱਤਰ(1): ਨਹੀਂ ਪਰ ਇਹ ਘੱਟ ਹੀ ਦਿਸਦਾ ਹੈ(1)
ਉੱਤਰ (2): ਚੀਤਾ ਲੁਪਤ ਹੋਣ ਕੰਢੇ ਹੈ (1)

(1) ਉੱਤਰ ਨੰਬਰ (2) ਲਈ ½ ਅੰਕ, ਉੱਤਰ ਨੰਬਰ (1) ਲਈ 1 ਅੰਕ

(2) ਉੱਤਰ ਨੰਬਰ (1) ਲਈ 1 ਅੰਕ, ਉੱਤਰ ਨੰਬਰ (2) ਲਈ 1 ਅੰਕ

(3) ਉੱਤਰ ਨੰਬਰ (2) ਲਈ 1 ਅੰਕ, ਉੱਤਰ ਨੰਬਰ (1) ਲਈ 1 ਅੰਕ

(4) ਉੱਤਰ ਨੰਬਰ (1) ਲਈ ½ ਅੰਕ, ਉੱਤਰ ਨੰਬਰ (2) ਲਈ 1 ਅੰਕ

**128.** ਪੜ੍ਹਨ ਦੀ ਉਹ ਕਿਹੜੀ ਯੋਜਨਾ ਹੈ ਜੋ ਵਿਦਿਆਰਥੀ ਦੀ ਕਿਸੇ ਵੀ ਕਿਤਾਬ ਦੀ ਆਮ ਸਮਝ ਲਈ ਮਦਦ ਕਰਦੀ ਹੈ, ਤਾਂ ਜੋ ਇਨ੍ਹਾ ਦੀ ਪ੍ਰਸੰਗਕਤਾ ਦਾ ਫ਼ੈਸਲਾ ਕੀਤਾ ਜਾ ਸਕੇ?

(1) ਅਨੁਮਾਨ

(2) ਸੰਖੇਪ ਕਰਨਾ

(3) ਸਕੈਨਿੰਗ

(4) ਸਕਿੰਮਿੰਗ

129. ਵਿਦਿਆਰਥੀ 'ਗਰੇਟ ਸਨਟੈਂਸ ਮਿਸਟਰੀ' ਉਪਰ ਇਕ ਸਕਿੱਟ ਲਿਖਦੇ ਹਨ। ਉਹ ਕੋਈ ਦਸ ਸਤਰਾਂ ਵਿਚ ਚਾਰ ਅੱਖਰ ਲਿਖਦੇ ਹਨ। ਹਰੇਕ ਅੱਖਰ ਨੂੰ ਸਨਟੈਂਸ ਦੀ ਇਕ ਕਿਸਮ ਵਿਚ ਬੋਲਿਆ ਜਾ ਸਕਦਾ ਹੈ। ਇਹ ਕਾਰਜ ……… ਅਭਿਆਸ ਵਿਚ ਵਧੇਰੇ ਸਹਾਈ ਹੋ ਸਕਦਾ ਹੈ

(1) ਪੜ੍ਹਨ ਉਪਰੰਤ

(2) ਪੜ੍ਹਨ ਤੋਂ ਪਹਿਲਾਂ ਦੀ ਐਕਟੀਵਿਟੀ ਵਾਲੇ

(3) ਵਿਆਕਰਨ ਲਾਗੂ ਕਰਨ ਵਾਲੇ

(4) ਸ਼ਬਦਾਵਲੀ ਦੀ ਵਰਤੋਂ ਵਾਲੇ

130. ਤੀਜੀ ਜਮਾਤ ਦੇ ਵਿਦਿਆਰਥੀਆਂ ਵਿਚ ਸਿਰਜਨਾਤਮਕ ਲੇਖਣ ਵਧਾਉਣ ਲਈ ਕਿਹੜੀ ਪਹੁੰਚ ਸਭ ਤੋਂ ਵੱਧ ਢੁਕਵੀਂ ਹੋਵੇਗੀ?

(1) ਤਸਵੀਰਾਂ ਅਤੇ ਚਰਚਾ ਦੇ ਇਕ ਸੈੱਟ ਦੀ ਵਰਤੋਂ ਕਰਨੀ

(2) ਵਿਦਿਆਰਥੀਆਂ ਨੂੰ ਉਨ੍ਹਾਂ ਦਾ ਮਨਪਸੰਦ ਲਿਖਣ ਦੀ ਆਗਿਆ ਦੇਣੀ

(3) ਦਿੱਤੇ ਹੋਏ ਵਿਸ਼ੇ ਉਪਰ ਵਿਸਤਾਰਪੂਰਵਕ ਚਰਚਾ ਕਰਨੀ

(4) ਬੋਰਡ ਉਪਰ ਇਕ ਖ਼ਾਕਾ ਦੇਣਾ

131. ਇਕ ਕਾਰਜ ਜਿਥੇ ਤੁਹਾਡੀ ਜਮਾਤ ਵਿਚ ਸਿਖਿਆਰਥੀ ਅੰਗਰੇਜ਼ੀ ਬੋਲਣ 'ਚ ਸ਼ਰਮ ਮਹਿਸੂਸ ਕਰਦੇ ਹਨ, ਉਨ੍ਹਾਂ ਦੀ ਝਿਜਕ ਨੂੰ ਦੂਰ ਕਰਨ ਲਈ ਤੁਸੀਂ ਉਨ੍ਹਾਂ ਦੀ ਮਦਦ ਕਿਵੇਂ ਕਰੋਗੇ?

(1) ਜਮਾਤ ਨੂੰ ਭਾਸ਼ਨ ਦੇ ਬਹੁਤ ਹੀ ਸਾਧਾਰਨ ਵਿਸ਼ੇ ਦੇ ਕੇ

(2) ਦੂਜਿਆਂ ਨੂੰ ਆਪਣੀ ਪੇਸ਼ਕਾਰੀ ਖ਼ਤਮ ਕਰਨ ਮਗਰੋਂ ਉਨ੍ਹਾਂ ਨੂੰ ਅਖ਼ੀਰ ਵਿਚ ਬੋਲਣ ਦੀ ਆਗਿਆ ਦੇ ਕੇ

(3) ਲਕਸ਼ਿਤ ਭਾਸ਼ਾ ਵਿਚ ਉਨ੍ਹਾਂ ਨੂੰ ਵਿਅਕਤੀਗਤ ਸਿਖਲਾਈ ਦੇ ਕੇ

(4) ਸਿਖਿਆਰਥੀਆਂ ਨੂੰ ਜੋੜਿਆਂ ਜਾਂ ਛੋਟੇ-ਛੋਟੇ ਸਮੂਹਾਂ 'ਚ ਆਪਣੀ ਪੇਸ਼ਕਾਰੀ ਨੂੰ ਆਪ ਲਿਖਣ ਅਤੇ ਅਭਿਆਸ ਕਰਨ ਦੀ ਆਗਿਆ ਦੇ ਕੇ

132. ਸੁਣਨ ਦੀ ਮੁਹਾਰਤ ਦੇ ਅਭਿਆਸ ਲਈ ਅਧਿਆਪਕ ਨੇ ਇਕ ਕਾਰਜ ਯੋਜਨਾ ਬਣਾਈ ਹੈ, ਜਿਸ ਰਾਹੀਂ ਵਿਦਿਆਰਥੀ ਰੇਲਵੇ ਦਾ ਇਕ ਐਲਾਨ ਸੁਣਕੇ ਗੱਡੀਆਂ ਦੇ ਆਉਣ-ਜਾਣ ਦੇ ਸਮੇਂ ਦੀ ਇਕ ਸਾਰਨੀ ਭਰਨਗੇ। ਇਥੇ ਵਿਦਿਆਰਥੀ:

(1) ਇਕ ਆਡੀਓ ਰਿਕਾਰਡਿੰਗ ਦੇ ਆਧਾਰ 'ਤੇ ਇਕ ਸਾਰਨੀ ਮੁਕੰਮਲ ਕਰ ਰਹੇ ਹਨ

(2) ਵਿਦਿਆਰਥੀ ਇਕ ਐਲਾਨ ਨੂੰ ਉਚੀ ਬੋਲ ਰਹੇ ਹਨ

(3) ਆਂਕੜਿਆਂ ਵਾਲੀ-ਸਾਰਨੀ ਦਰਸ਼ਾਅ ਰਹੇ ਹਨ

(4) ਇਕ ਲਘੂ ਫ਼ਿਲਮ ਵੇਖ ਰਹੇ ਹਨ

133. ਜੁਆਨੀ ਮਗਰੋਂ ਇਕ ਨਵੀਂ ਭਾਸ਼ਾ ਸਿੱਖਣ ਨਾਲ ਕੋਈ ਵਿਦੇਸ਼ੀ ਭਾਸ਼ਾ ..............

(1) ਸਾਧਾਰਨ ਤੌਰ 'ਤੇ ਗ੍ਰਹਿਣ ਹੁੰਦੀ ਹੈ

(2) ਗ੍ਰਹਿਣ ਕਰਨ 'ਚ ਮੁਸ਼ਕਿਲ ਆਉਂਦੀ ਹੈ

(3) ਉਪਰ ਅਧਿਕਾਰ ਨਹੀਂ ਰਹਿੰਦਾ

(4) ਉਪਰ ਵਧੇਰੇ ਅਧਿਕਾਰ ਹੋ ਜਾਂਦਾ ਹੈ

134. 'ਈ-ਲਰਨਿੰਗ' ਹੈ :

(1) ਪੱਤਰਾਚਾਰ ਸਿੱਖਿਆ

(2) ਫਿਲਮ ਡਾਕੂਮੈਂਟਰੀਆਂ

(3) ਮਿਸ਼ਰਿਤ ਸਿਖਲਾਈ ਤਕਨਾਲੋਜੀ ਦੀ ਵਰਤੋਂ

(4) ਹਾਰਡਵੇਅਰ ਨੂੰ ਸਰਗਰਮੀ ਨਾਲ ਸੰਗਠਿਤ ਕਰਨਾ

135. ਇੱਕ ਦੁਭਾਸੀ ਜਮਾਤ ਵਿਚ ਅਕਾਦਮਿਕ ਤੇ ਲਕਸ਼ਿਤ ਭਾਸ਼ਾ ਨੂੰ ਬੋਲਣ ਦੇ ਰੂਪਾਂ ਵਿਚਕਾਰ ਅੰਤਰ ਦਾ ਪਤਾ ਲਾਉਣ ਦੇ ਯੋਗ ਬਨਾਉਣ ਲਈ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ ਜਾਵੇਗਾ –

(1) ਲਕਸ਼ਿਤ ਭਾਸ਼ਾ ਵਿਚ ਲਿਖੀਆਂ ਵਧੇਰੇ ਕਿਤਾਬਾਂ ਪੜ੍ਹਨ ਲਈ

(2) ਅੰਗਰੇਜ਼ੀ ਵਿਚ ਵੱਧ ਤੋਂ ਵੱਧ ਲਿਖਣ ਲਈ

(3) ਵਧੇਰੇ ਸੰਬੰਧਤ ਦੁਭਾਸ਼ੀ ਫ਼ਿਲਮਾਂ ਵੇਖਣ ਲਈ

(4) ਲਕਸ਼ਿਤ ਭਾਸ਼ਾ ਵਿਚ ਬੋਲਣ ਲਈ

136. ਵਿਦਿਆਰਥੀ ਜੋ ਆਪਣੇ ਸਾਥੀਆਂ ਨਾਲੋਂ ਭਾਸ਼ਾਈ ਸਮਰੱਥਾ ਵਿਚ ਉਨ੍ਹਾਂ ਦੀ ਪੱਧਰ ਤੋਂ ਪਿਛੜ ਜਾਂਦੇ ਹਨ, ਦੀ ਮਦਦ ਕਰਨ ਵਾਸਤੇ ਪੜ੍ਹਾਉਣ ਦੇ ਨਮੂਨੇ ਨੂੰ ਆਖਿਆ ਜਾਂਦਾ ਹੈ

(1) ਸੰਖੇਪ ਕਰਨਾ

(2) ਮੁੜ ਤਰਤੀਬ ਦੇਣੀ

(3) ਰੀਮੀਡੀਏਸ਼ਨ

(4) ਦਹਰਾਉਣਾ

137. ਮਿਲੀਜੁਲੀ ਸਮਰੱਥਾ ਵਾਲੀ ਭਾਸ਼ਾ ਦੀ ਜਮਾਤ ਵਿਚ ਵਿਦਿਆਰਥੀਆਂ ਨੂੰ ਇਕ ਕਰੀਕੁਲਮ ਦੀ ਲੋੜ ਹੁੰਦੀ ਹੈ, ਜੋ ਹੈ

(1) ਵੱਖੋ-ਵੱਖਰੇ ਪੀਰੀਅਡਾਂ ਦੌਰਾਨ ਵਿਦਿਆਰਥੀਆਂ ਨੂੰ ਇਕੋ ਜਿਹੇ ਸਮੂਹਾਂ 'ਚ ਰੱਖਣ ਦੀ

(2) ਵੱਖੋ-ਵੱਖਰੇ ਪ੍ਰੋਫਾਈਲ ਵਾਲੇ ਵਿਦਿਆਰਥੀਆਂ ਦਰਮਿਆਨ ਵਿਸ਼ਾਲ ਗੱਲਬਾਤ ਲਈ ਮੌਕੇ

(3) ਹਿਸਾਬ ਅਤੇ ਭਾਸ਼ਾਵਾਂ ਉਪਰ ਮਜ਼ਬੂਤੀ ਨਾਲ ਜ਼ੋਰ ਦੇਣ ਦੀ

(4) ਖੇਡਾਂ ਅਤੇ ਭਾਸ਼ਾਵਾਂ ਉਪਰ ਜ਼ੋਰ ਦੇਣ ਦੀ

ਚੋਣ ਕਰੋ: ਵਿਦਿਆਰਥੀਆਂ ਲਈ ਗਈ ਪੰਜਾਬੀ ਭਾਸ਼ਾ ਦੀ ਪਾਠ ਆ ਕਰਨਾ ਚਾਹੀਦਾ ਹੈ:

ਪ੍ਰਬੰਧਾਂ ਦੇ ਸੁਝਾਏ ਗਏ ਕ੍ਰਮ

ਸੰਤੁਲਿਤ ਪੇਸ਼ਕਾਰੀ

ਤਜ਼ਰਬਿਆਂ ਦੀਆਂ ਪ੍ਰਬੰਧਤ

ਾਂ ਲਈ ਵਿਸਤ੍ਰਿਤ ਪਾਠ-ਯੋਜਨਾ

ਲਾਈ ਦੌਰਾਨ ਕਈ ਤਰ੍ਹਾਂ ਦੀਆਂ ਲਤੀਆ ਕੁਦਰਤੀ ਹੋ ਜਾਂਦੀਆਂ ਹਨ ਆਪਕ

ਰ ਜਦ ਵੀ ਗ਼ਲਤੀ ਹੋਵੇ ਉਨ੍ਹਾਂ ਨੂੰ ਤਾਂ ਜੋ ਵਿਦਿਆਰਥੀ ਹੋਰਨਾਂ ਦੀਆਂ ਤੋਂ ਸਿੱਖ ਸਕਣ

ੀ ਵਲੋਂ ਆਪਣੀ ਗੱਲਬਾਤ ਜਾਂ ਆਪਣਾ ਹਿੱਸਾ ਪੂਰਾ ਕਰਨ ਤੱਕ ਕੇ ਬਹੁਤੀਆਂ ਆਮ ਗ਼ਲਤੀਆਂ ਨੂੰ ਦਾ ਸੁਝਾਅ ਦੇਵੇਗਾ

ਗ਼ਲਤੀਆਂ ਕਰਨ ਦੀ ਆਗਿਆ ਉਂ ਜੋ ਉਹ ਸਿਰਫ਼ ਕੁਦਰਤੀ ਹਨ

ਕੇ 'ਕਮਜ਼ੋਰ' ਵਿਦਿਆਰਥੀਆਂ ਲਈ ਕ ਵਿਸ਼ੇਸ਼ ਜਮਾਤ ਲਗਾਵੇਗਾ

**140.** ਇਕ ਵਿਦੇਸ਼ੀ/ਗ਼ੈਰ-ਮਾਂ-ਬੋਲੀ ਭਾਸ਼ੀ ਅਧਿਆਪਕ ਅਕਸਰ ਝਿਜਕ ਵਾਲੇ ਤੇ ਗ਼ੈਰ-ਉਤਸ਼ਾਹਿਤ ਸਿੱਖਿਆਰਥੀਆਂ ਨਾਲ ਭਰੀ ਜਮਾਤ ਦੀ ਮੁਸ਼ਕਿਲ ਦਾ ਸਾਹਮਣਾ ਕਰਦਾ ਹੈ। ਇਸ ਦੀ ਮਦਦ ਕੀਤੀ ਜਾ ਸਕਦੀ ਹੈ:

(1) ਕਿਸੇ ਅਕਾਦਮਿਕ ਕੌਂਸਲਰ ਦੀ ਮਦਦ ਲੈ ਕੇ ਜੋ ਜਮਾਤ ਨੂੰ ਸੰਬੋਧਤ ਕਰੇਗਾ

(2) ਗ਼ੈਰ-ਉਤਸ਼ਾਹਿਤ ਵਿਦਿਆਰਥੀਆਂ ਦੀ ਪਛਾਣ ਕਰਕੇ ਉਨ੍ਹਾਂ ਦੀ ਵਿਸ਼ੇਸ਼ ਜਮਾਤ ਲਗਾਉਣ ਨਾਲ

(3) ਸਿੱਖਿਆਰਥੀਆਂ ਨੂੰ ਆਪਣਾ ਕੰਮ ਪੂਰਾ ਕਰਨ ਵਾਸਤੇ ਖੁੱਲ੍ਹਾ ਸਮਾਂ ਦੇ ਕੇ ਉਤਸ਼ਾਹਤ ਕਰਕੇ

(4) ਜਮਾਤ ਵਿਚ ਉਤਸ਼ਾਹ ਅਤੇ ਸਿਖਲਾਈ ਨੂੰ ਵਧੇਰੇ ਚੁਨੌਤੀ ਭਰਪੂਰ ਬਨਾਉਣ ਲਈ ਵਿਧੀਆਂ ਤੇ ਯੋਜਨਾਵਾਂ ਦੀ ਵਰਤੋਂ ਕਰਕੇ

**141.** ਭਾਸ਼ਾ ਸਿਖਿਆਰਥੀ ਅਭਿਆਸ ਨਾਲ ਸਿਖਦੇ ਹਨ। ਇਸ ਲਈ ਕਿਹੜਾ ਅਭਿਆਸ ਮਦਦਗਾਰ ਹੋ ਸਕਦਾ ਹੈ?

(1) ਇਕ ਪਾਠ ਪੁਸਤਕ ਦੀ ਚੰਗੀ ਸੂਝਬੂਝ ਨੂੰ ਉਤਸ਼ਾਹਤ ਕਰਨ ਵਾਸਤੇ ਉਨ੍ਹਾਂ ਦੀ ਮਾਂ-ਬੋਲੀ ਨੂੰ ਉਤਸ਼ਾਹਤ ਕਰਨਾ

(2) ਠੋਸ ਤੋਂ ਚੋਣਵੀਆਂ ਪਾਠ ਪੁਸਤਕਾਂ ਵੱਲ ਵਧ ਕੇ

(3) ਅਧਿਆਪਕ ਲਿਖਣ ਤੇ ਬੋਲਣ ਦਾ ਆਦਰਸ਼ ਪੇਸ਼ ਕਰਦਾ ਹੈ, ਜਿਸਦੀ ਸਿਖਿਆਰਥੀ ਨਕਲ ਕਰਦੇ ਹਨ

(4) ਅਭਿਆਸ ਦੇ ਮੌਕੇ ਪ੍ਰਦਾਨ ਕਰਨੇ ਨਿਹਾਇਤ ਜ਼ਰੂਰੀ ਹੈ ਕਿਉਂ ਜੋ ਇਹ ਆਦਤ ਪਾਉਣ ਵਿਚ ਸਹਾਈ ਹੁੰਦੇ ਹਨ

**ਨਿਰਦੇਸ਼ :** ਹੇਠਾਂ ਦਿੱਤੇ ਪੈਰਾ ਪੜ੍ਹਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**142-150**) ਦੇ ਢੁਕਵੇਂ ਉੱਤਰ ਦਿਓ :

ਪੰਜਾਬ ਉਤੇ ਅੰਗਰੇਜ਼ਾਂ ਦੇ ਮੁਕੰਮਲ ਕਬਜ਼ੇ ਉਪਰੰਤ ਫਾਰਸੀ ਦੀ ਥਾਂ ਉਰਦੂ ਨੂੰ ਕਚਿਹਰੀਆਂ ਦੀ ਸਰਕਾਰੀ ਭਾਸ਼ਾ ਸਵੀਕਾਰ ਕਰ ਲਿਆ ਗਿਆ ਅਤੇ ਅਗਲੇ ਕੁਝ ਸਾਲਾਂ ਵਿੱਚ ਹੀ ਉਰਦੂ ਨੇ ਫਾਰਸੀ ਦੀ ਥਾਂ ਲੈ ਲਈ। ਇਸੇ ਤਰ੍ਹਾਂ ਹੀ 1854 ਈਸਵੀ ਦੀ ਸਿੱਖਿਆ ਨੀਤੀ ਅਨੁਸਾਰ ਸਾਰੇ ਸਰਕਾਰੀ ਤੇ ਮਾਨਤਾ ਪ੍ਰਾਪਤ ਸਕੂਲਾਂ ਵਿਚ ਉਰਦੂ ਨੂੰ ਹੀ ਸਿੱਖਿਆ ਦਾ ਇੱਕੋ ਇੱਕ ਮਾਧਿਅਮ ਪ੍ਰਵਾਨ ਕੀਤਾ ਗਿਆ। ਦੂਜੇ ਪਾਸੇ ਅੰਗਰੇਜ਼ਾਂ ਵੱਲੋਂ ਅੰਗਰੇਜ਼ੀ ਦੀ ਤਾਲੀਮ ਉਪਰ ਵੀ ਜ਼ੋਰ ਦਿੱਤਾ ਜਾਣ ਲੱਗਿਆ ਅਤੇ ਉੱਚ ਸਿੱਖਿਆ ਲਈ ਕੇਵਲ ਅੰਗਰੇਜ਼ੀ ਨੂੰ ਹੀ ਮਾਧਿਅਮ ਸਮਝਿਆ ਗਿਆ। ਪੰਜਾਬੀ ਰਾਹੀਂ ਉਚ ਸਿੱਖਿਆ ਦੇਣ ਦਾ ਸਭ ਤੋਂ ਪਹਿਲਾ ਤੇ ਸਫਲ ਯਤਨ ਲਾਹੌਰ ਦੀ "ਸਤ ਸਭਾ" ਵੱਲੋਂ ਕੀਤਾ ਗਿਆ। ਇਹ ਸਭਾ ੧੮੬੬ ਵਿੱਚ ਸਥਾਪਤ ਹੋਈ। ਇਸਦੇ ਸਰਪ੍ਰਸਤ ਸਰ ਅਤਰ ਸਿੰਘ ਭਦੌੜ ਅਤੇ ਸਕੱਤਰ ਸ੍ਰੀ ਬਿਹਾਰੀ ਲਾਲ ਪੁਰੀ ਸਨ। ਇਸ ਸਭਾ ਦਾ ਮੁੱਖ ਮਨੋਰਥ ਪੰਜਾਬੀ ਭਾਸ਼ਾ ਦੇ ਮਾਧਿਅਮ ਰਾਹੀਂ ਹਰ ਪ੍ਰਕਾਰ ਦੀ ਲਾਭਦਾਇਕ ਸਿੱਖਿਆ ਦੇਣਾ ਸੀ। ਉਪਰੰਤ ਪੰਜਾਬੀ ਭਾਸ਼ਾ ਦੇ ਸਰਬਪੱਖੀ ਵਿਕਾਸ ਲਈ ਠੋਸ ਤੇ ਨਿੱਗਰ ਯਤਨ ਪਹਿਲੀ ਵਾਰ ੧੮੭੩ ਵਿੱਚ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਨਾਲ ਹੀ ਸ਼ੁਰੂ ਹੋਏ। 'ਸਿੰਘ ਸਭਾ' ਦੇ ਮਨੋਰਥਾਂ ਵਿੱਚ ਸਿੱਖ ਮੱਤ ਨੂੰ ਆਪਣੀ ਪੁਰਾਤਨ ਪਵਿਤਰਤਾ ਦੇ ਦਰਜੇ ਤੱਕ ਪਹੁੰਚਾਉਣਾ, ਇਤਿਹਾਸਿਕ ਤੇ ਧਾਰਮਿਕ ਪੁਸਤਕਾਂ ਸੰਪਾਦਤ ਤੇ ਪ੍ਰਕਾਸ਼ਤ ਕਰਨਾ, ਵਰਤਮਾਨ ਗਿਆਨ ਦਾ ਪੰਜਾਬੀ ਮਾਧਿਅਮ ਰਾਹੀਂ ਪ੍ਰਚਾਰ ਕਰਨਾ, ਪੰਜਾਬੀ ਵਿੱਚ ਸਮਾਚਾਰ ਪੱਤਰ ਜਾਰੀ ਕਰਨਾ, ਕੁਰਾਹੇ ਪੈਣ ਵਾਲਿਆਂ ਦਾ ਸੁਧਾਰ ਕਰਕੇ ਸਿੱਖ ਮੱਤ ਵਿੱਚ ਲਿਆਉਣਾ ਆਦਿ ਸ਼ਾਮਿਲ ਸਨ। ਇਸ ਤਰ੍ਹਾਂ 'ਸਿੰਘ ਸਭਾ' ਨੇ ਪਹਿਲੀ ਵਾਰ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਸਾਰਥਕ ਪ੍ਰੋਗਰਾਮ ਉਲੀਕਿਆ ਅਤੇ ਇਸ ਮੰਤਵ ਦੀ ਪੂਰਤੀ ਲਈ ਪੰਜਾਬੀ ਪੱਤਰਕਾਰੀ ਨੂੰ ਮੁੱਖ ਮਾਧਿਅਮ ਬਣਾਇਆ। ਸਿੱਟੇ ਵਜੋਂ ਪੰਜਾਬੀ ਪੱਤਰਕਾਰੀ ਦੇ ਮਾਧਿਅਮ ਰਾਹੀਂ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਵਿੱਚ ਨਵੀਆਂ ਲੀਹਾਂ ਪਈਆਂ ਅਤੇ ਪੰਜਾਬੀ ਸਾਹਿਤ ਨੇ ਆਧੁਨਿਕਤਾ ਵਿੱਚ ਪ੍ਰਵੇਸ਼ ਕੀਤਾ।

**142.** ਪੰਜਾਬ ਉਪਰ ਅੰਗਰੇਜ਼ਾਂ ਦੇ ਕਾਬਜ਼ ਹੋਣ ਮਗਰੋਂ ਕਿਹੜੀ ਸਰਕਾਰੀ ਜ਼ੁਬਾਨ ਬਣਾਈ ਗਈ?

(1) ਅੰਗਰੇਜ਼ੀ

(2) ਸੰਸਕ੍ਰਿਤ

(3) ਪੰਜਾਬੀ

(4) ਉਰਦੂ

**143.** ਉੱਚ ਸਿਖਿਆ ਦਾ ਮਾਧਿਅਮ ਕਿਹੜੀ ਭਾਸ਼ਾ ਬਣੀ?

(1) ਹਿੰਦੀ

(2) ਅੰਗਰੇਜ਼ੀ

(3) ਫ਼ਾਰਸੀ

(4) ਪੰਜਾਬੀ

**144.** ਕਿਹੜੀ ਸੰਸਥਾ ਨੇ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਬਨਾਉਣ ਦਾ ਪਹਿਲਾ ਜਤਨ ਕੀਤਾ?

(1) ਸੱਤ ਸਭਾ ਨੇ

(2) ਇਨ੍ਹਾਂ ਚੋਂ ਕੋਈ ਨਹੀਂ

(3) ਅੰਗਰੇਜ਼ੀ ਸੰਸਥਾ ਨੇ

(4) ਸੂਫੀਆਂ ਨੇ

145. ਪੰਜਾਬੀ ਨੂੰ ਆਧੁਨਿਕ ਬਨਾਉਣ ਵਿਚ ਕਿਸ ਦਾ ਵਿਸ਼ੇਸ਼ ਯੋਗਦਾਨ ਹੈ?

(1) ਉਰਦੂ ਫ਼ਾਰਸੀ ਦਾ

(2) ਪੰਜਾਬੀ ਪੱਤਰਕਾਰੀ ਦਾ

(3) ਪੰਜਾਬੀ ਸਕੂਲਾਂ ਦਾ

(4) ਅੰਗਰੇਜ਼ੀ ਸਕੂਲਾਂ ਦਾ

146. ਪੰਜਾਬੀ ਭਾਸ਼ਾ ਲਈ ਠੋਸ ਤੇ ਨਿਗਰ ਉਪਰਾਲੇ ਕਿਸ ਨੇ ਸ਼ੁਰੂ ਕੀਤੇ?

(1) ਸਿੰਘ ਸਭਾ ਅੰਮ੍ਰਿਤਸਰ ਨੇ

(2) ਇਨ੍ਹਾਂ 'ਚੋਂ ਕੋਈ ਨਹੀਂ

(3) ਸੱਤ ਸਭਾ ਨੇ

(4) ਬਿਹਾਰੀ ਲਾਲ ਪੁਰੀ ਨੇ

147. ਸਰ ਅਤਰ ਸਿੰਘ ਭਦੌੜ ਦੀ ਸਰਪ੍ਰਸਤੀ ਹੇਠ ਬਣੀ ਸੰਸਥਾ ਵਲੋਂ ਪੰਜਾਬੀ ਭਾਸ਼ਾ ਨੂੰ ਮਾਧਿਅਮ ਬਨਾਉਣ ਦਾ ਮੰਤਵ ਕੀ ਸੀ?

(1) ਸਮਾਚਾਰ ਪੱਤਰ ਜਾਰੀ ਕਰਨਾ

(2) ਇਨ੍ਹਾਂ ਵਿਚੋਂ ਕੋਈ ਨਹੀਂ

(3) ਲਾਭਦਾਇਕ ਸਿੱਖਿਆ ਦੇਣਾ

(4) ਪੰਜਾਬੀ ਸਾਹਿਤ ਨੂੰ ਆਧੁਨਿਕ ਬਣਾਉਣਾ

148. ਸਿੱਖ ਮੱਤ ਵਲੋਂ ਮੂੰਹ ਮੋੜ ਚੁੱਕੇ ਲੋਕਾਂ ਨੂੰ ਵਾਪਸ ਲਿਆਉਣ ਖਾਤਰ ਕਿਹੜੀ ਸੰਸਥਾ ਨੇ ਹੰਭਲਾ ਮਾਰਿਆ?

(1) ਪੰਜਾਬੀ ਪੱਤਰਕਾਰੀ ਨੇ

(2) ਪੰਜਾਬੀ ਸਾਹਿਤ ਨੇ

(3) ਸੱਤ ਸਭਾ ਨੇ

(4) ਸਿੰਘ ਸਭਾ ਅੰਮ੍ਰਿਤਸਰ ਨੇ

149. ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਕਿਸ ਦਾ ਸਹਿਯੋਗ ਲਿਆ ਗਿਆ?

(1) ਪੰਜਾਬੀ ਭਾਸ਼ਾ ਦਾ

(2) ਇਨ੍ਹਾਂ 'ਚੋਂ ਕੋਈ ਨਹੀਂ

(3) ਸੱਤ ਸਭਾ ਦਾ

(4) ਪੰਜਾਬੀ ਪੱਤਰਕਾਰੀ ਦਾ

150. ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਥੋਂ ਦੀ ਸਰਕਾਰੀ ਜ਼ੁਬਾਨ ਕਿਹੜੀ ਸੀ?

(1) ਫ਼ਾਰਸੀ

(2) ਉਰਦੂ

(3) ਪੰਜਾਬੀ

(4) ਅੰਗਰੇਜ਼ੀ

SPACE FOR ROUGH WORK

**ਹੇਠ ਲਿਖਿਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ**

1. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐਮ.ਆਰ. (OMR) ਉੱਤਰ-ਪੱਤਰ ਦੇ **ਪੰਨਾ-2** ਵਿਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ ਨੀਲੇ-ਕਾਲੇ ਬਾਲ ਪੁਆਇੰਟ ਪੈਨ ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।

2. ਪਰੀਖਿਆਰਥੀ ਇਸ ਗੱਲਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।

3. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।

4. ਪਰੀਖਿਆ-ਪੁਸਤਿਕਾ-ਉੱਤਰਪੱਤਰ ਵਿੱਚ ਦਿੱਤੇ ਗਏ ਪਰੀਖਿਆ-ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ।

5. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ-ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।

6. ਨਿਰੀਖਿਅਕ ਦੀ ਮੰਗ ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।

7. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੋ।

8. ਨਿਰੀਖਿਅਕ ਨੂੰ ਆਪਣਾ ਉੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ। ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ।

9. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੁਲੇਟਰ ਦਾ ਇਸਤੇਮਾਲ ਵਰਜਿਤ ਹੈ।

10. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ। ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।

11. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।

12. **ਪਰੀਖਿਆ ਖ਼ਤਮ ਹੋਣ ਤੇ, ਪਰੀਖਿਆਰਥੀ ਹਾਲ-ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ-ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

**READ THE FOLLOWING INSTRUCTIONS CAREFULLY :**

1. Out of the four alternatives for each question, only one circle for the correct answer is to be darkened completely with Blue/Black Ballpoint Pen on **Side-2** of the OMR Answer Sheet. The answer once marked is not liable to be changed.
2. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
3. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
4. The candidates will write the correct Test Booklet Code and Number as given in the Test Booklet/Answer Sheet in the Attendance Sheet.
5. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the Examination Hall/Room.
6. Each candidate must show on demand his/her Admit Card to the Invigilator.
7. No candidate, without special permission of the Superintendent or Invigilator, should leave his/her seat.
8. The candidates should not leave the Examination Hall without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet, a second time, will be deemed not to have handed over the Answer Sheet and dealt with as an unfair means case.
9. Use of Electronic/Manual Calculator is prohibited.
10. The candidates are governed by all Rules and Regulations of the Board with regard to their conduct in the Examination Hall. All cases of unfair means will be dealt with as per Rules and Regulations of the Board.
11. No part of the Test Booklet and Answer Sheet shall be detached under any circumstances.
12. **On completion of the test, the candidate must hand over the Answer Sheet to the Invigilator in the Room/Hall. *The candidates are allowed to take away this Test Booklet with them.***

**निम्नलिखित निर्देशों को ध्यान से पढ़ें :**

1. प्रत्येक प्रश्न के लिए दिए गए चार विकल्पों में से सही उत्तर के लिए OMR उत्तर-पत्र के **पृष्ठ-2** पर केवल एक वृत्त को ही पूरी तरह नीले/काले बॉलपॉइंट पेन से भरें। एक बार उत्तर अंकित करने के बाद उसे बदला नहीं जा सकता है।
2. परीक्षार्थी सुनिश्चित करें कि इस उत्तर-पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें।
3. परीक्षा पुस्तिका एवं उत्तर-पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर-पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
4. परीक्षा पुस्तिका/उत्तर-पत्र में दिए गए परीक्षा पुस्तिका संकेत व संख्या को परीक्षार्थी सही तरीके से हाजिरी-पत्र में लिखें।
5. परीक्षार्थी द्वारा परीक्षा हॉल/कक्ष में प्रवेश-कार्ड के सिवाय किसी प्रकार की पाठ्य-सामग्री, मुद्रित या हस्तलिखित, कागज की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
6. पूछे जाने पर प्रत्येक परीक्षार्थी, निरीक्षक को अपना प्रवेश-कार्ड दिखाएँ।
7. अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
8. कार्यरत निरीक्षक को अपना उत्तर-पत्र दिए बिना एवं हाजिरी-पत्र पर दुबारा हस्ताक्षर किए बिना परीक्षार्थी परीक्षा हॉल नहीं छोड़ेंगे। यदि किसी परीक्षार्थी ने दूसरी बार हाजिरी-पत्र पर हस्ताक्षर नहीं किए, तो यह माना जाएगा कि उसने उत्तर-पत्र नहीं लौटाया है और यह अनुचित साधन का मामला माना जाएगा।
9. इलेक्ट्रॉनिक/हस्तचालित परिकलक का उपयोग वर्जित है।
10. परीक्षा हॉल में आचरण के लिए परीक्षार्थी बोर्ड के सभी नियमों एवं विनियमों द्वारा नियमित हैं। अनुचित साधनों के सभी मामलों का फैसला बोर्ड के नियमों एवं विनियमों के अनुसार होगा।
11. किसी हालत में परीक्षा पुस्तिका और उत्तर-पत्र का कोई भाग अलग न करें।
12. परीक्षा सम्पन्न होने पर, परीक्षार्थी कक्ष/हॉल छोड़ने से पूर्व उत्तर-पत्र निरीक्षक को अवश्य सौंप दें। *परीक्षार्थी अपने साथ इस परीक्षा पुस्तिका को ले जा सकते हैं।*